"ਘਰ -ਘਰ ਰੋਜ਼ਗਾਰ"

# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)
ਫੇਜ-3ਬੀ-1, ਮੁਹਾਲੀ।
(ਵੈਬਸਾਈਟ www.educationrecruitmentboard.com)

ਜਨਤਕ ਨਿਯੁਕਤੀਆਂ

ਵਿਗਿਆਪਨ ਨੰ: 8/23-2022 ਭਡ(4 )/2022 7483 ਮਿਤੀ: 08.01.2022

ਮਿਤੀ 16.12.2021 ਨੂੰ ਵੱਖ-ਵੱਖ ਅਖਬਾਰਾ ਵਿਚ ਪ੍ਰਕਾਸਿਤ ਵਿਗਿਆਪਨ ਦੀ ਲਗਾਤਾਰਤਾ ਵਿਚ "ਘਰ ਘਰ ਰੋਜ਼ਗਾਰ ਯੋਜਨਾ" ਤਹਿਤ ਸਕੂਲ ਸਿੱਖਿਆ ਵਿਭਾਗ ਅਧੀਨ ਆਰਟ ਐਂਡ ਕਰਾਫਟ ਟੀਚਰ ਦੀਆਂ 250 ਨਵੀਆਂ ਅਸਾਮੀਆਂ ਨੂੰ ਭਰਨ ਲਈ ਯੋਗ ਉਮੀਦਵਾਰਾ ਪਾਸੋਂ, ਵਿਭਾਗ ਦੀ ਵੈਬਸਾਈਟ **www.educationrecruitmentboard.com** ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ: 30.01.2022 ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਰੀ ਵਾਇਜ਼ ਵੰਡ ਹੇਠ ਲਿਖੇ ਅਨੁਸਾਰ ਹੈ:-

1. ਅਸਾਮੀਆਂ ਦੀ ਵੰਡ:-

## ਆਰਟ ਐਂਡ ਕਰਾਫਟ ਟੀਚਰ

| S.No | CATEGORY | | Total No. of fresh vacancies | Vacancies reserved for women from total No. of fresh vacancies as per coloumn no. 3 |
|---|---|---|---|---|
| 1 | GENERAL | | 97 | 28 |
| 2 | S.C. | (M&B) | 26 | 11 |
| | | R&O) | 25 | 10 |
| 3 | B.C. | | 25 | 10 |
| 4 | EX-SERVICMEN | GENERAL | 18 | 10 |
| | | (M&B) | 5 | - |
| | | (R&O) | 4 | - |
| | | B.C. | 5 | - |
| 5 | Sports | GENERAL | 5 | 3 |
| | | (M&B) | 2 | - |
| | | (R&O) | 1 | - |
| 6 | PHYSICAL HANDICAPPED | ORTHO | 2 | - |
| | | VISUALLY IMPARED | 3 | 1 |
| | | HEARING IMPARED | 3 | 1 |
| | | I.D./M.D. | 2 | - |
| 7 | FREEDOM FIGHTER | | 2 | 1 |

08/01/22

| | | | |
|---|---|---|---|
| 8 | ECONOMICAL WEAKER SECTION | 25 | 8 |
| TOTAL | | 250 | 83 |

2. <u>ਵਿੱਦਿਅਕ ਯੋਗਤਾਂ:-</u>

<u>ਆਰਟ ਐਂਡ ਕਰਾਫਟ ਟੀਚਰ ਲਈ:-</u>

(i) Should have passed Graduation atleast with 55% marks from a recognized university or institutions with Fine Arts as a subject having studied atleast for three years in Graduation as per guidelines of the University Grants Commision; and

(ii) Should have passed B.Ed. from a recognized univenity or institutions with Fine Arts as one of the teaching subjects as per guidelines of the University Grants Commision.

**3. ਚੋਣ ਦਾ ਢੰਗ:-**

ਇਹਨਾਂ ਅਸਾਮੀਆਂ ਦੀ ਭਰਤੀ ਕਰਨ ਸਬੰਧੀ ਸਟੇਟ ਪੱਧਰ ਤੇ ਇੱਕ ਲਿਖਤੀ ਟੈਸਟ ਲਿਆ ਜਾਵੇ। ਜਿਸ ਵਿੱਚ ਸਬੰਧਤ ਵਿਸ਼ੇ ਵਿੱਚ 150 ਅੰਕਾਂ ਦਾ ਟੈਸਟ ਲਿਆ ਜਾਵੇਗਾ ਜੋ ਇਹਨਾਂ ਅਸਾਮੀਆਂ ਲਈ ਦਰਸਾਈਆਂ ਗਈਆਂ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਲਈ ਨਿਰਧਾਰਿਤ ਹੋਰ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਉਹਨਾਂ ਉਮੀਦਵਾਰਾਂ ਦੀ ਮੈਰਿਟ ਨਿਰੋਲ ਲਿਖਤੀ ਟੈਸਟ ਦੇ ਅਧਾਰ ਤੇ ਬਣਾਈ ਜਾਵੇਗੀ। PSTET (2) ਦੇ ਨੰਬਰ ਮੈਰਿਟ ਵਿੱਚ ਨਹੀਂ ਜੋੜੇ ਜਾਣਗੇ।

(ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਲਿਖਤੀ ਟੈਸਟ ਵਿੱਚੋਂ ਬਰਾਬਰ ਅੰਕ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ ਅਤੇ ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਦੋਨੋ ਇੱਕੋ ਜਿਹੇ ਹੋਣ ਤਾਂ ਜਿਸ ਉਮੀਦਵਾਰ ਦੇ ਗਰੈਜੂਏਸ਼ਨ ਵਿੱਚ ਵੱਧ ਪ੍ਰਤੀਸ਼ਤ ਅੰਕ ਹੋਣਗੇ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ)

**4. ਅਦਾਇਗੀ ਯੋਗ ਰਕਮ:-**

ਚੁਣੇ ਗਏ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਵਿੱਤ ਵਿਭਾਗ ਪੰਜਾਬ ਦੇ ਪੱਤਰ ਨੰ: 7/42/2020-5 ਐਫ.ਪੀ. 1/741-746, ਮਿਤੀ 17.07.2020 ਅਨੁਸਾਰ ਸਿੱਖਿਆ ਵਿਭਾਗ ਪੰਜਾਬ ਦੀ ਨੋਟੀਫਿਕੇਸ਼ਨ ਨੰ: 13/01/2020-5ਸਿ7/277, ਮਿਤੀ 21.10.2020 ਅਨੁਸਾਰ ਦਿੱਤੇ ਗਏ ਪੇ ਸਕੇਲ ਅਨੁਸਾਰ ਰੁ: 29200/- ਸਕੇਲ ਵਿੱਚ ਸਰਕਾਰ ਦੀ ਅਧਿਸੂਚਨਾਂ ਨੰ: 7/204/2012-4 ਐਫ.ਪੀ 1/66, ਮਿਤੀ 15.01.2015 ਅਤੇ ਪੱਤਰ ਨੰ: 1/06/2016-4

08/01/22

ਪੀ.ਪੀ. 1/834680/1-2, ਮਿਤੀ 07.09.2016 ਰਾਹੀਂ ਕੀਤੇ ਉਪਬੰਧਾਂ ਅਨੁਸਾਰ ਤਿੰਨ ਸਾਲ ਦੇ ਪਰਖ ਕਾਲ ਸਮੇਂ ਦੌਰਾਨ ਮੁਢਲੀ ਤਨਖਾਹ ਤੇ ਰੱਖਿਆ ਜਾਵੇਗਾ।

**5. ਉਮਰ ਸੀਮਾ:-**

i) **ਮਿਤੀ 01.01.2021 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।**

ii) **ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।**

iii) **ਪੰਜਾਬ, ਹੋਰ ਰਾਜਾਂ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।**

iv) **ਪੰਜਾਬ ਰਾਜ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਲਈ ਉਪਰਲੀ ਸੀਮਾ ਦੀ ਹੱਦ 42 ਸਾਲ ਤੱਕ ਹੋਵੇਗੀ।**

v) **ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਮਰ ਹੱਦ ਸੀਮਾ ਦੀ ਉਪਰਲੀ ਹੱਦ ਵਿੱਚ 10 ਸਾਲ ਦੀ ਛੋਟ ਹੋਵੇਗੀ।**

vi) **ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਤਾ ਦੇਣੀ ਪਵੇਗੀ।**

**6. ਬਿਨੈ ਪੱਤਰ ਪ੍ਰੋਸੈਸਿੰਗ ਫੀਸ:-**

| | | |
|---|---|---|
| i. | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ | : 1000 ਰੁਪਏ |
| ii. | ਰਿਜ਼ਰਵ ਕੈਟਾਗਰੀ (ਐਸ.ਸੀ./ਐਸ.ਟੀ) | : 500 ਰੁਪਏ |
| iii. | ਸਾਬਕਾ ਸੈਨਿਕ (ਖੁਦ) | : ਕੋਈ ਨਹੀਂ |

**ਨੋਟ:-ਸਾਬਕਾ ਸੈਨਿਕਾਂ (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਕੇਵਲ ਇਸ ਸ਼ਰਤ ਤੇ ਦਿੱਤੀ ਜਾਵੇਗੀ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਜਾਂ ਨਿਸਚਿਤ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾਂ ਕੀਤਾ ਗਿਆ ਹੋਵੇ। ਸਾਬਕਾ ਸੈਨਿਕਾਂ ਤੇ ਆਸ਼ਰਿਤਾ ਨੂੰ ਲੋੜੀਂਦੀ**

08/01/22

**ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ** Lineal Descendent Certificate(LDC) **ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਾ ਹੋਵੇਗਾ।**

7. **ਆਮ ਸ਼ਰਤਾਂ:-**

i) ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ, ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ, ਜਿਸ ਵਿੱਚ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ। ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿਚ ਮਾਣਯੋਗ ਸੁਪਰੀਮ ਕੋਰਟ ਵਿਖੇ ਪੈਡਿੰਗ ਕੇਸ SLP(CIVIL) No.23507 of 2010 in CWP NO 18290 OF 2009, ਪੰਜਾਬ ਸਰਕਾਰ ਅਤੇ ਹੋਰ ਬਨਾਮ ਦਵਿੰਦਰ ਸਿੰਘ ਅਤੇ ਹੋਰ ਦੇ ਅੰਤਿਮ ਫੈਸਲੇ ਦੇ ਨਿਰਭਰ ਹੋਵੇਗੀ।

ii) ਇਨ੍ਹਾ ਅਸਾਮੀਆਂ ਦੇ ਰਾਖਵਾਂਕਰਨ ਪੰਜਾਬ ਸਰਕਾਰ ਭਲਾਈ ਵਿਭਾਗ (ਰਿਜ਼ਰਵੇਸ਼ਨ ਸੈਲ) ਦੇ ਪੱਤਰ ਨੰ: 1/52/95-ਰਸ1/713 ਮਿਤੀ 17-01-1996 ਅਤੇ ਪ੍ਰੋਸ਼ੋਨਲ ਵਿਭਾਗ ਪੰਜਾਬ ਸਰਕਾਰ ਦੇ ਪੱਤਰ ਨੰ. 8/2/2019- 3 ਪੀ.ਪੀ.1/124 ਮਿਤੀ 29.01.2021 ਅਨੁਸਾਰ ਲਾਗੂ ਹੋਵੇਗਾ।

08/4/2m

iii) ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ। ਪੱਛੜੀ ਸ਼੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਸਮਰੱਥ ਅਧਿਕਾਰੀ ਦੁਆਰਾ ਜਾਰੀ ਆਮਦਨ ਸਰਟੀਫਿਕੇਟ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

iv) ਸਾਬਕਾ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾਂ ਤੇ ਹੀ ਲਾਗੂ ਹੋਵੇਗਾ। ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਵੇ, ਤਾਂ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ। ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ।

v) ਸੁਤੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ:16/57-97-8ਪੀ-3ਸਪੈ 503 ਮਿਤੀ 27.11.2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਅਸਲ ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ਼ ਕਰਨਗੇ।

vi) ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਗ੍ਰੇਡੇਸ਼ਨ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਜਿਸਦੀ ਡਾਇਰੈਕਟਰ ਸਪੋਰਟਸ ਪੰਜਾਬ ਵਲੋਂ ਗ੍ਰੇਡੇਸ਼ਨ ਕੀਤੀ ਹੋਵੇ। ਸਪੋਰਟਸ ਕੈਟਾਗਿਰੀ ਵਿਚ ਸਿਰਫ ਸਪੋਰਟਸ ਮੈਰਿਟ ਨੂੰ ਹੀ ਆਧਾਰ ਮੰਨਿਆ ਜਾਵੇਗਾ ਜੋ ਡਾਇਰੈਕਟਰ ਸਪੋਰਟਸ ਪੰਜਾਬ ਵੱਲੋਂ ਆਪਣੇ ਨਿਯਮਾਂ ਅਨੁਸਾਰ ਤਿਆਰ ਕੀਤੀ ਜਾਵੇਗੀ।

vii) ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ: 1/1/2017-3DC/1588894/1 ਮਿਤੀ 03.10.2019 ਅਨੁਸਾਰ ਹੋਵੇਗਾ। ਉਮੀਦਵਾਰ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜ਼ਾ ਦੀ ਸਕਰੂਟਨੀ ਸਮੇਂ

08/01/22

ਪੇਸ਼ ਕਰੇਗਾ, ਜਿਸ ਵਿਚ ਉਪਰਲੀ ਜਾਂ ਹੇਠਲੀ ਅੰਗਹੀਣਤਾ ਹੱਦ ਦੇ 40% ਸਥਾਈ/ਅੰਸ਼ਿਕ ਦਰਜ ਹੋਵੇ। ਇਸ ਸਰਟੀਫਿਕੇਟ ਵਿਚ ਸਿਵਲ ਰੁਜ਼ਗਾਰ/ਨਿਰਧਾਰਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਜ਼ਿਲੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

viii) ਇਹ ਅਸਾਮੀਆਂ 'The Punjab Civil Services(Reservation of Posts for Womenn) Rules, 2020' ਜੋ ਕਿ ਮਿਤੀ 21.10.2020, 29.12.2020 ਨੂੰ ਅਧਿਸੂਚਿਤ ਕੀਤੇ ਗਏ ਹਨ, ਅਨੁਸਾਰ ਭਰੀਆਂ ਜਾਣੀਆਂ ਹਨ।

ix) ਇਹ ਅਸਾਮੀਆਂ ਪੰਜਾਬ ਸਰਕਾਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,ਪੰਜਾਬ ਦੇ ਪੱਤਰ ਨੰਬਰ 1/24/2020-RC1/775 ਮਿਤੀ 18.12.2020 ਅਨੁਸਾਰ ਭਰੀਆਂ ਜਾਣਗੀਆਂ।

x) ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ। ਪੰਜਾਬ ਰਾਜ ਦੇ ਆਰਥਿਕ ਤੌਰ ਤੇ ਪਿਛੜੇ ਵਰਗ ਦੇ ਉਮੀਦਵਾਰਾਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਪੱਤਰ ਨੰ. 1/3/2019- RCI/120 ਮਿਤੀ 28-05-2019, ਪੱਤਰ ਨੰ. 1/16/2019- RCI/116 ਮਿਤੀ 14-05-2019 ਅਤੇ ਪੱਤਰ ਨੰ. 1/3/2019- RCI/196 ਮਿਤੀ 18-03-2019 ਅਨੁਸਾਰ ਹੋਵੇਗਾ।

xi) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਜੰਮਪਲ ਪੱਕੇ ਵਾਸੀਆਂ ਨੂੰ ਹੀ ਪ੍ਰਾਪਤ ਹੋਵੇਗਾ।

xii) ਉਮੀਦਵਾਰ ਵੱਲੋਂ ਭਰੀ ਗਈ ਕੈਟਾਗਰੀ ਹੀ ਅੰਤਿਮ ਮੰਨੀ ਜਾਵੇਗੀ ਅਤੇ ਉਸੇ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਜਿਸ ਵਿੱਚ ਉਮੀਦਵਾਰ ਦੀ ਫੀਸ ਭਰੀ ਗਈ /ਕਨਫਰਮ ਹੋਈ ਹੋਵੇ। ਕੈਟਾਗਰੀ ਸਬੰਧੀ ਕਿਸੇ ਵੀ ਪੱਧਰ ਤੇ ਕੋਈ ਵੀ ਤਬਦੀਲੀ ਨਹੀਂ ਕੀਤੀ ਜਾਵੇਗੀ।

xiii) ਜਿਹੜੇ ਉਮੀਦਵਾਰ ਵਿਮੁਕਤ ਜਾਤੀ ਨਾਲ ਸਬੰਧਤ ਹੋਣਗੇ ਉਹ ਆਨਲਾਈਨ ਅਪਲਾਈ ਕਰਨ ਸਮੇਂ ਆਪਣੀ ਹੀ ਕੈਟਾਗਰੀ ਵਿੱਚ ਅਪਲਾਈ ਕਰਨਗੇ। ਕਿਸੇ

ਕਾਰਨ ਜੇਕਰ ਆਨਲਾਈਨ ਅਰਜ਼ੀ ਸਬਮਿਟ ਕਰਨ ਵੇਲੇ ਵਿਮੁਕਤ ਜਾਤੀ ਦੀ ਆਪਸ਼ਨ ਨਹੀਂ ਆਉਂਦੀ ਤਾਂ ਵਿਮੁਕਤ ਜਾਤੀ ਦੇ ਉਮੀਦਵਾਰ ਆਪਣੀ ਮੇਨ ਕੈਟਾਗਰੀ ਐਸ.ਸੀ (ਆਰ.ਐੱਡ.ਓ) ਵਿੱਚ ਅਪਲਾਈ ਕਰਨਗੇ ਅਤੇ ਅਜਿਹੇ ਉਮੀਦਵਾਰਾਂ ਤੋਂ ਵਿਮੁਕਤ ਜਾਤੀ ਨੂੰ ਮਿਲਣ ਵਾਲੇ ਰਾਖਵੇਂਕਰਨ ਦਾ ਲਾਭ ਸਕਰੂਟਨੀ ਸਮੇਂ ਵਿਮੁਕਤ ਜਾਤੀ ਦੀ ਜਾਣਕਾਰੀ/ਦਸਤਾਵੇਜ਼ ਪ੍ਰਾਪਤ ਕਰਕੇ ਵਿਮੁਕਤ ਜਾਤੀ ਰਾਖਵਾਂਕਰਨ ਸਬੰਧੀ ਬਣਦੀ ਕਾਰਵਾਈ ਕਰ ਦਿੱਤੀ ਜਾਵੇ।

xiv) ਉਮੀਦਵਾਰ ਘੱਟ ਤੋਂ ਘੱਟ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੋਵੇ।

xv) ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

xvi) ਵਿਗਿਆਪਨ ਵਿੱਚ ਦਰਜ਼ ਅਸਾਮੀਆਂ ਸਰਕਾਰ ਵੱਲੋਂ ਵਧਾਈਆਂ-ਘਟਾਈਆਂ ਜਾ ਸਕਦੀਆਂ ਹਨ।

xvii) ਇਸ ਵਿਗਿਆਪਨ ਨੂੰ ਕਿਸੇ ਵੀ ਕਾਰਨ ਰੱਦ ਕਰਨ ਦਾ ਅਧਿਕਾਰ ਵਿਭਾਗ ਪਾਸ ਹੋਵੇਗਾ।

xviii) ਆਨਲਾਈਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

xix) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰਾਂ ਨੂੰ ਸਾਈਬਰ ਕੈਫੇ ਅਟੈਂਡਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸ਼ਨ ਫਾਰਮ ਵਿੱਚ ਇੱਕ ਵਾਰ ਡਾਟਾ ਭਰਨ ਤੋਂ ਬਾਅਦ ਅਪਰੂਵ ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾਂ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀ ਬੇਨਤੀ ਦਫ਼ਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

xx) ਉਮੀਦਵਾਰ ਵੱਲੋਂ ਅਸਾਮੀ ਲਈ ਕੇਵਲ ਅਪਲਾਈ ਕਰਨ ਜਾਂ ਉਸ ਨੂੰ ਦਸਤਾਵੇਜਾਂ ਲਈ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਕੋਈ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

08/01/22

xxi) ਇਸ ਭਰਤੀ ਸਬੰਧੀ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

xxii) ਉਮੀਦਵਾਰ ਵੱਲੋਂ ਆਪਣਾ ਮੋਬਾਇਲ ਨੰਬਰ, ਈ-ਮੇਲ ਪਤਾ, ਆਪਣਾ ਬੈਂਕ ਖਾਤਾ ਨੰਬਰ, ਬੈਂਕ ਦਾ IFSC, ਬ੍ਰਾਂਚ ਦਾ ਨਾਮ ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ।

xxiii) ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ/ਸ਼੍ਰੇਣੀ ਨਾਲ ਸਬੰਧ ਰੱਖਦੇ ਹਨ। ਦਸਤਾਵੇਜਾਂ ਦੀ ਸਕਰੂਟਨੀ ਸਮੇਂ ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ ਪੇਸ਼ ਕਰਨਾ ਲਾਜ਼ਮੀ ਹੋਵੇਗਾ।

xxiv) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫ਼ੀ/ਛੋਟ ਨਹੀਂ ਦਿੱਤੀ ਜਾਵੇਗੀ।

xxv) ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ/ਬਾਨਾਂ ਚੰਗੀ ਤਰਾਂ ਨਾਲ ਪੜ੍ਹਨ ਉਪਰੰਤ ਆਪ ਖੁੱਦ ਅਪਲਾਈ ਕਰੇ ਅਤੇ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Updates ਦੀ ਜਾਣਕਾਰੀ ਲਈ ਵਿਭਾਗ ਦੀ ਵੈਬਾਸਈਟ www,educationrecruitmentboard.com ਤੇ ਸਮੇਂ ਸਮੇਂ ਚੈੱਕ ਕਰਦੇ ਰਹਿਣ। ਉਮੀਦਵਾਰਾਂ ਨੂੰ ਭਰਤੀ ਨਾਲ ਸਬੰਧਤ ਹਰ ਕਿਸਮ ਦੀ ਜਾਣਕਾਰੀ ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਕਰਵਾਈ ਜਾਇਆ ਕਰੇਗੀ। ਭਰਤੀ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ ਸਬੰਧੀ "ਪਬਲਿਕ ਨੋਟਿਸ" /ਹੋਰ ਜਾਣਕਾਰੀ ਅਖਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕਰਵਾਇਆ ਜਾਵੇਗਾ।

**ਜ਼ਰੂਰੀ ਨੋਟ:-**

ਉਮੀਦਵਾਰਾਂ ਦੀ ਵਿਦਿਅਕ/ਪ੍ਰੋਫੈਸਨਲ ਯੋਗਤਾਵਾਂ ਸਰਟੀਫਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ। ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਵੱਖ-ਵੱਖ ਕੈਟਾਗਰੀਆਂ ਦੇ ਸਰਟੀਫਿਕੇਟ ਜਿਵੇਂ ਐਸ.ਸੀ./ਐਸ.ਟੀ., ਅੰਗਹੀਣ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ/ਚੈੱਕ ਕਰਵਾਉਣ ਉਪਰੰਤ ਮੰਨਣ ਯੋਗ ਹੋਣਗੇ। ਸਕਰੂਟਨੀ ਪ੍ਰਾਸੈਸ ਖ਼ਤਮ ਹੋਣ ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

04/01/22

8. ਆਨ ਲਾਈਨ ਅਪਲਾਈ ਕਰਨ ਦੀ ਵਿੱਧੀ:-

(1) **ਵੈਬਸਾਈਟ** www.educationrecruitmentboard.com

(2) ਉਮੀਦਵਾਰ ਵੱਲੋਂ ਕੇਵਲ ਇੱਕ ਹੀ ਰਜਿਸਟ੍ਰੇਸ਼ਨ ਕੀਤੀ ਜਾਵੇ, ਜੇਕਰ ਕੋਈ ਉਮੀਦਵਾਰ ਇੱਕ ਤੋਂ ਵੱਧ ਕੈਟਾਗਰੀ ਵਿੱਚ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਹ ਇੱਕ ਹੀ ਰਜਿਸਟ੍ਰੇਸ਼ਨ ਅਧੀਨ ਹੀ ਵੱਖ-ਵੱਖ ਐਪਲੀਕੇਸ਼ਨਜ਼ ਅਪਲਾਈ ਕਰੇਗਾ। ਇੱਕ ਤੋਂ ਜ਼ਿਆਦਾ ਰਜਿਸਟ੍ਰੇਸ਼ਨ ਨੰਬਰ ਹੋਣ ਦੀ ਸੂਰਤ ਵਿੱਚ ਪਹਿਲੀ ਰਜਿਸਟ੍ਰੇਸ਼ਨ ਹੀ ਵੈਧ ਮੰਨੀ ਜਾਵੇਗੀ ਅਤੇ ਅਗਲੀਆਂ ਰਜਿਸਟ੍ਰੇਸ਼ਨ (ਜੇ ਕੋਈ ਹੋਣ) ਆਪਣੇ ਆਪ ਕੈਂਸਲ ਹੋਈਆਂ ਵਿਚਾਰੀਆਂ ਜਾਣਗੀਆ।

(3) ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ New Registration ਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸਨ ਕਰਨ ਉਪਰੰਤ ਰਜਿਸਟ੍ਰੇਸਨ ਵਾਲੀ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(4) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਵੱਲੋਂ ਆਪਣੇ ਰਜਿਸਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮੱਦਦ ਨਾਲ ਆਪਣੇ ਅਕਾਉਂਟ Login ਵਿੱਚ ਕੀਤਾ ਜਾਵੇਗਾ। ਉਮੀਦਵਾਰ ਵੱਲੋਂ Application Fee ਨਾਮ ਦੇ ਲਿੰਕ ਉੱਤੇ Click ਕਰਕੇ ਫੀਸ ਆਨਲਾਈਨ ਭਰੀ ਜਾ ਸਕਦੀ ਹੈ।

(5) ਫੀਸ ਦੀ Confirmation ਹੋਣ ਉਪਰੰਤ ਆਪਣੇ Application Form ਦਾ Print Out ਜਰੂਰ ਲਿਆ ਜਾਵੇ ਅਤੇ ਇਸਨੂੰ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ਼ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ਼, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

(6) ਉਮੀਦਵਾਰ ਇੱਕ ਸਵੈ ਤਸਦੀਕੀ ਫੋਟੋ ਅਤੇ ਸਕੈਨ ਕੀਤੇ ਹਸਤਾਖਰ/ਦਸਤਖਤ ਆਨਲਾਈਨ ਅਪਲਾਈ ਕਰਨ ਸਮੇਂ ਅਪਲੋਡ ਕਰੇਗਾ।

ਜਰੂਰੀ ਤਰੀਕਾਂ:

ਉਮੀਦਵਾਰ ਆਨਲਾਈਨ ਫੀਸ ਭਰਨ ਦੀ ਆਖਰੀ ਮਿਤੀ 30.01.2022 (ਸਾਮ 5.00 ਵਜੇ ਤੱਕ) ਹੋਵੇਗੀ।

**ਸਹਾਇਕ ਡਾਇਰੈਕਟਰ,**
**ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।**